St. Peter's Senior Secondary School

(Affiliated to C.B.S.E. No. 2630043)

**Subject - Punjabi**

**Class - 12**

**Assignment - 6**

## ❖ ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ –

➢ ਜੋ ਆਪਣੀ ਮਾਂ–ਬੋਲੀ ਨੂੰ ਪਿਆਰ ਕਰਦੇ ਹਨ, ਉਹ ਹਰ ਕਿਸੇ ਦੀ ਮਾਂ – ਬੋਲੀ ਦਾ ਸਤਿਕਾਰ ਕਰਦੇ ਹਨ I ਇੱਕ ਵਾਰ ਮੈਨੂੰ ਇੱਕ ਸੌ ਅੱਠ ਮੁਲਕਾਂ ਤੋਂ ਆਏ ਅਠਾਰਾਂ ਸੌ ਪ੍ਰਤੀਨਿਧਾਂ ਦੇ ਸਾਹਮਣੇ ਬੋਲਣ ਦਾ ਮੌਕਾ ਵੀਆਨਾ , ਆਸਟ੍ਰੀਆ ਦੀ ਰਾਜਧਾਨੀ ਵਿੱਚ ਮਿਲਿਆ ਸੀ I ਹਰ ਤਕਰੀਰ ਦਾ ਤਰਜਮਾ ਪੰਜਾਂ ਜ਼ੁਬਾਨਾਂ ਵਿੱਚ ਹੋਣਾ ਹੁੰਦਾ ਸੀ , ਤੇ ਸੈਂਕੜੇ ਤਕਰੀਰਾਂ ਸਨ I ਤਰਜਮਾ ਕਰਨ ਵਾਲੀਆਂ ਕੁੜੀਆਂ ਉੱਤੇ ਬੜਾ ਭਾਰ ਸੀ I ਉਹਨਾਂ ਦਾ ਇੱਕ ਤਰਜਮਾ ਬਚਾਉਣ ਲਈ ਮੈਂ ਫੈਸਲਾ ਕੀਤਾ ਕਿ ਅੰਗਰੇਜ਼ੀ ਵਿੱਚ ਹੀ ਬੋਲ ਦਿਆਂਗਾ Iਮੇਰੇ ਏਸ ਫੈਸਲੇ ਉੱਤੇ ਅੰਗਰੇਜ਼ਾਂ ਅਤੇ ਅਮਰੀਕਨਾਂ ਨੇ ਖੁਸ਼ੀਆਂ ਦੀਆਂ ਤਾਲੀਆਂ ਵਜਾਈਆਂ Iਪਰ ਜਦੋਂ ਮੈਂ ਆਖਿਆ ਕੀ ਇਹ ਵੀ ਮੈਂ ਸਹਾਰ ਨਹੀਂ ਸਕਾਂਗਾ ਕਿ ਆਪਣੀ ਮਾਂ- ਬੋਲੀ ਦੇ ਸ਼ਬਦ ਐਨੇ ਮੁਲਕਾਂ ਦੇ ਚੰਗੇ ਲੋਕਾਂ ਦੇ ਕੰਨੀ ਪੁਆਉਣ ਦਾ ਮੌਕਾ ਮੈਂ ਹੱਥੋਂ ਗੁਆ ਲਵਾਂ I ਏਸ ਲਈ ਆਪਣੀ ਤਕਰੀਰ ਦਾ ਅਖੀਰਲਾ ਭਾਗ ਮੈਂ ਪੰਜਾਬੀ ਵਿੱਚ ਹੀ ਬੋਲਾਂਗਾ I ਇਹਦੇ ਉੱਤੇ ਸਰੋਤਿਆਂ ਤਾਲੀਆਂ ਵਜਾਈਆਂ ਤੇ ਜਦੋਂ ਮੈਂ ਆਪਣੀ ਬੋਲੀ ਵਿੱਚ ਬੋਲ ਹਟਿਆ ਤਾਂ ਸਾਰੇ ਦੇ ਸਾਰੇ ਸਰੋਤੇ ਉੱਠ ਕੇ ਖਲੋ ਗਏ ,ਪ੍ਰਧਾਨਗੀ ਮੰਡਲ ਦੇ ਮੰਚ ਤੋਂ ਹੇਠਾਂ ਆ ਕੇ ਕਈਆਂ ਨੇ ਮੈਨੂੰ ਜੱਫੀ ਵਿੱਚ ਲੈ ਲਿਆ, ਕਈ ਮੇਰੇ ਨਾਲ ਤੁਰ ਕੇ ਮੈਨੂੰ ਮੇਰੀ ਸੀਟ ਉੱਤੇ ਬਿਠਾਉਣ ਆਏ ਤੇ ਉਹਨਾਂ ਮੇਰੇ ਦਸਖ਼ਤ ਲਏ Iਇਹ ਪ੍ਰਸੰਸਾ ਮੇਰੀ ਨਹੀਂ ਸੀ , ਮੇਰੀ ਮਾਂ-ਬੋਲੀ ਲਈ ਆਪਣੀ ਮਾਂ -ਬੋਲੀ ਦੇ ਪਿਆਰਿਆਂ ਦਾ ਸਤਿਕਾਰ ਭਰਿਆ ਇਜ਼ਹਾਰ ਸੀ I

1 ) ਲੇਖਕ ਨੂੰ ਕਿੰਨੇ ਪ੍ਰਤਿਨਿਧੀਆਂ ਦੇ ਸਾਹਮਣੇ ਬੋਲਣ ਦਾ ਮੌਕਾਮਿਲਿਆ ?

2) ਤਕਰੀਰ ਦਾ ਤਰਜਮਾ ਕਿੰਨੀਆਂ ਜ਼ੁਬਾਨਾਂ ਵਿੱਚ ਹੋਣਾ ਸੀ ਤੇ ਤਰਜਮਾਂ ਕਰਨ ਦਾ ਭਾਰ ਕਿਨ੍ਹਾਂ ਤੇ ਸੀ ?

3) ਸਰੋਤਿਆਂ ਨੇ ਲੇਖਕ ਦੀ ਪ੍ਰਸੰਸਾ ਕਿਵੇਂ ਕੀਤੀ ?

4) ਆਪਣੀ ਮਾਂ- ਬੋਲੀ ਨੂੰ ਪਿਆਰ ਕਰਨ ਵਾਲੇ ਦੂਜੀਆਂ ਮਾਂ – ਬੋਲੀਆਂ ਨਾਲ ਕਿਹੋ ਜਿਹਾ ਵਿਹਾਰ ਕਰਦੇ ਹਨ ?

5) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ ?